# ਮੁੱਖ ਤਕਰੀਰ

ਦੋਸਤੋ, ਭੈਣੋ ਅਤੇ ਭਰਾਵੋ, ਸੰਨ ੨੦੦੦ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਹੋਈ ਚਰਚਾ ਅਤੇ ਮਤਿਆਂ ਵਿੱਚ ਪੰਜਾਬੀ ਕੌਮ, ਇਸਦੀ ਸ਼ਨਾਖ਼ਤ ਅਤੇ ਹੋਂਦ ਬਾਰੇ ਇਕ ਸੰਕਲਪ ਉਭਰਿਆ ਸੀ ਅਤੇ ਇਸ ਉੱਤੇ ਚਰਚਾ ਦੀ ਲੋੜ ਸਾਹਮਣੇ ਆਈ ਸੀ। ਪਿਛਲੇ ਤਿੰਨ ਸਾਲਾਂ ਵਿਚ ਕਈ ਪੰਜਾਬੀ ਪਿਆਰਿਆਂ, ਲਿਖਾਰੀਆਂ, ਚਿੰਤਕਾਂ ਅਤੇ ਦਾਨਿਸ਼ਵਰਾਂ ਨੇ ਇਸ ਬਾਰੇ ਆਪਣੇ ਵਿਚਾਰ ਦੱਸੇ ਹਨ ਅਤੇ ਅਸੀਂ ਕਈ ਐਸੇ ਸਭਿਆਚਾਰਕ, ਸਿਆਸੀ ਅਤੇ ਸਾਹਿਤਕ ਜਥੇਬੰਦੀਆਂ ਅਤੇ ਅਦਾਰਿਆਂ ਨਾਲ ਵੀ ਵਿਚਾਰ ਸਾਂਝੇ ਕੀਤੇ ਹਨ ਜੋ ਕੌਮੀ ਉਸਾਰੀ ਅਤੇ ਆਪਣੀ ਕੌਮੀ ਹੋਂਦ ਬਾਰੇ ਜਤਨ ਕਰ ਰਹੇ ਹਨ। ਪੰਜਾਬੀ ਸੱਥ, ਪੰਜਾਬੀ ਫਾਂਉਡੇਸ਼ਨ, ਅਪਨਾ, ਪੀਪਲਜ਼ ਫਰੰਟ/ਈ.ਆਈ.ਡੀ.ਸੀ, ਆਈ.ਐਸ ਸੀ, ਪੋਰਸ ਫਾਂਉਡੇਸ਼ਨ, ਸਾਉਥ ਏਸ਼ੀਅਨ ਸੈਂਟਰ ਅਤੇ ਹੋਰਨਾਂ ਅਦਾਰਿਆਂ ਅਤੇ ਜਥੇਬੰਦੀਆਂ ਨਾਲ ਅਸੀਂ ਪੰਜਾਬੀ ਕੌਮ, ਵਿਰਸੇ, ਬੋਲੀ ਅਤੇ ਸਭਿਆਚਾਰ ਬਾਰੇ ਵਿਚਾਰ ਸਾਂਝੇ ਕੀਤੇ ਹਨ। ਸਾਉਥ ਏਸ਼ੀਅਨ ਰੀਵੀਉ ਅਤੇ ਹੋਰਨਾਂ ਅਖ਼ਬਾਰਾਂ ਅਤੇ ਰਸਾਲਿਆਂ ਚ` ਇਸ ਸੰਕਲਪ ਬਾਰੇ ਚਰਚਾ ਹੋਈ ਹੈ। ਇਸ ਸਾਲ ਮਾਰਚ ਵਿਚ ਜਲੰਧਰ ਵਿਖੇ ਇਕ ਸੈਮੀਨਾਰ ਵਿਚ ਇਸ ਮੁੱਦੇ ਉੱਤੇ ਕਾਫ਼ੀ ਵਿਦਵਾਨਾਂ ਨੇ ਵਿਚਾਰ ਵਟਾਂਦਰਾ ਕੀਤਾ। ਇਸ ਲਈ ਅਸੀਂ ਇਸ ਕਾਨਫਰੰਸ ਦਾ ਮੁੱਖ ਮੁੱਦਾ ਇਹੋ ਹੀ ਰਖਿਆ ਹੈ। ਅੱਜ ਅਸੀਂ ਇਸ ਅਹਿਮ ਮੁੱਦੇ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਇਕੱਠੇ ਹੋਏ ਹਾਂ। ਇਹ ਸਾਡੇ ਲਈ ਬੜੇ ਮਾਣ ਅਤੇ ਫ਼ਖ਼ਰ ਦੀ ਗੱਲ ਹੈ। ਅਸੀਂ ਸਾਰੇ ਪੰਜਾਬੀ ਹਾਂ ਭਾਂਵੇ ਸਾਡੇ ਮਜ਼ਹਬ ਜਾਂ ਸਿਆਸਤ ਕੋਈ ਵੀ ਹੋਵੇ। ਸਾਡੀਆਂ ਜੱਥੇਬੰਦੀਆਂ ਅਤੇ ਅਕੀਦੇ ਵੱਖਰੇ ਹੋ ਸਕਦੇ ਹਨ ਪਰ ਅਸੀਂ ਸਾਰੇ ਪੰਜਾਬੀ ਹਾਂ ਅਤੇ ਅਸੀਂ ਪੰਜਾਬੀ ਕੌਮ ਦੀ ਹੋਂਦ ਅਤੇ ਭਵਿਖ ਬਾਰੇ ਫਿਕਰਮੰਦ ਹਾਂ। ਅਸੀਂ ਆਪਣੇ ਵਿਰਸੇ, ਬੋਲੀ, ਸਭਿਆਚਾਰ, ਦਰਸ਼ਨ, ਸੰਗੀਤ, ਸਹਿਤ, ਕਲਾ ਅਤੇ ਇਨ੍ਹਾਂ ਦੀ ਬੁਨਿਆਦ ਬਾਰੇ, ਆਪਣੇ ਮਾਣਯੋਗ ਵਿਰਸੇ ਬਾਰੇ ਵਿਚਾਰ ਸਾਂਝੇ ਕਰਨ ਲਈ ਇਕੱਠੇ ਹੋਏ ਹਾਂ।

ਅੱਜ ਅਸੀਂ ਇੱਥੇ ਉਸ ਵੇਲੇ ਇਕੱਤਰ ਹੋ ਰਹੇ ਹਾਂ ਜਦੋਂ ਸਾਰੀ ਦੁਨੀਆ ਦੀਆਂ ਕੌਮਾਂ ਅਤੇ ਲੋਕ ਇਕ ਗੰਭੀਰ ਸਥਿੱਤੀ ਦਾ ਸਾਹਮਣਾ ਕਰ ਰਹੇ ਹਨ। ਇਕ ਪਾਸੇ ਸੰਸਾਰ ਭਰ ਦੇ ਲੋਕ ਅਮਨ, ਇਨਸਾਫ਼ ਅਤੇ ਇੱਜ਼ਤ ਦੀ ਜ਼ਿੰਦਗੀ ਬਸਰ ਕਰਨ ਲਈ ਆਪਣੀ ਆਵਾਜ਼ ਬੁਲੰਦ ਕਰਦੇ ਹੋਏ `ਇਕ ਇਨਸਾਨੀਅਤ ਇਕ ਜਦੋਜਹਿਦ` ਦਾ ਨਾਅਰਾ ਲਾ ਰਹੇ ਹਨ ਪਰ ਦੂਸਰੇ ਪਾਸੇ ਜਿਨ੍ਹਾਂ ਨੇ ਜ਼ਬਰਦਸਤੀ ਤਾਕਤ ਹੜੱਪੀ ਹੋਈ ਹੈ ਉਹ ਕਹਿੰਦੇ ਹਨ ਕਿ `ਜਿਸਕੀ ਲਾਠੀ ਉਸ ਕੀ ਭੈਂਸ` ਦੇ ਅਸੂਲ ਉੱਤੇ ਚੱਲ ਕੇ ਸਾਰੇ ਸੰਸਾਰ ਉੱਤੇ ਆਪਣਾ ਦਬਦਬਾ ਕਾਇਮ ਕਰਨ ਅਤੇ ਮਨ ਆਈਆਂ ਕਰਨ ਦਾ ਤਰੀਕਾ ਹੀ ਸਭ ਤੋਂ ਸਹੀ ਹੈ ਅਤੇ ਇਨ੍ਹਾਂ ਦੀ ਇਸ ਧੌਂਸ, ਤਾਨਾਸ਼ਾਹੀ, ਅਤੇ ਲਾ-ਕਾਨੂੰਨੀ ਦੇ ਖ਼ਿਲਾਫ਼ ਜਿਹੜਾ ਵੀ ਮੁਲਕ ਜਾਂ ਲੋਕ ਅੜਦੇ ਹਨ ਉਨ੍ਹਾਂ ਨੂੰ ਸਬਕ ਸਿਖਾਇਆ ਜਾਣਾਂ ਚਾਹੀਦਾ ਹੈ। ਉਹ ਕਹਿੰਦੇ ਹਨ ਕਿ ਜੇ ਤੁਸੀਂ ਸਾਡੇ ਆਖੇ ਨਹੀਂ ਲਗਦੇ ਤਾਂ ਸਾਡੇ ਦੁਸ਼ਮਣ ਹੋ ਤੇ ਤੁਹਾਨੂੰ ਸਿੱਧੇ ਕਰਕੇ ਹਟਾਂਗੇ। ਉਹ ਫਰਮਾਅ ਰਹੇ ਰਹੇ ਹਨ ਕਿ ਸੰਸਾਰ ਵਿਚ ਇਕੋ ਮਹਾਂ-ਸ਼ਕਤੀ ਦੀ ਸਰਦਾਰੀ ਸਾਰੇ ਜਹਾਨ ਦੇ ਲੋਕਾਂ ਦੇ ਭਲੇ ਦੀ ਚੀਜ਼ ਹੈ ਅਤੇ ਅਮਰੀਕਾ ਦੇ ਵੱਡੇ ਸਰਮਾਏਦਾਰਾਂ, ਵੱਡੇ ਅਜਾਰੇਦਾਰਾਂ ਅਤੇ ਦੌਲਤਾਂ ਵਾਲਿਆਂ ਦੇ ਫ਼ਾਇਦੇ ਵਿਚ ਹੀ ਸਾਰਿਆਂ ਦਾ ਫ਼ਾਇਦਾ ਹੈ।

ਉਹ ਇਹ ਵੀ ਕਹਿੰਦੇ ਹਨ ਕਿ ਯੂਰਪ ਵਿਚੋਂ ਉਪਜੀਆਂ ਕਦਰਾਂ-ਕੀਮਤਾਂ, ਖਿਆਲਾਂ, ਅਤੇ ਆਰਥਕ ਤੇ ਸਮਾਜਿਕ ਸਿਸਟਮਾਂ ਦੇ ਬਗੈਰ ਹੋਰ ਕਿਸੇ ਕਿਸਮ ਦੇ ਖਿਆਲ, ਕਦਰਾਂ-ਕੀਮਤਾਂ ਅਤੇ ਸਿਸਟਮ ਬਣਾਉਣ ਦਾ ਕਿਸੇ ਮੁਲਕ, ਕੌਮ ਜਾਂ ਲੋਕਾਂ ਨੂੰ ਕੋਈ ਹੱਕ ਨਹੀਂ ਤੇ ਨਾ ਹੀ ਉਹ ਕਿਸੇ ਹੋਰ ਸਿਧਾਂਤ ਜਾਂ ਫ਼ਲਸਫ਼ੇ ਉੱਤੇ ਚੱਲ ਸਕਦੇ ਹਨ। ਸਾਰਿਆਂ ਨੂੰ ਉਦਾਰਵਾਦ, ਨਿਜੀਕਰਣ, ਖੁੱਲੀ-ਮੰਡੀ, ਨੁਮਾਇੰਦਿਆਂ ਵਾਲੀ ਜਮਹੂਰੀਅਤ, ਅਤੇ ਬਹੁ-ਪਾਰਟੀਵਾਦ ਉੱਤੇ ਚੱਲਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਹਾਲਾਂਕਿ ਅਮਲ ਵਿਚ ਸਾਬਤ ਹੋ ਚੁੱਕਾ ਹੈ ਕਿ ਇਹ ਸਾਰੇ ਨੁਸਖ਼ੇ ਅਸਫ਼ਲ ਹਨ ਤੇ ਇਸ ਵੇਲੇ ਲੋਕਾਂ ਦੀਆਂ ਲੋੜ ਨੂੰ ਪੂਰਾ ਕਰਨ ਅਤੇ ਮੌਜੂਦਾ ਮਸਲਿਆਂ ਨੂੰ ਹੱਲ ਕਰਨ ਦੀ ਇਨ੍ਹਾਂ ਵਿਚ ਕੋਈ ਸਮਰੱਥਾ ਨਹੀਂ ਰਹੀ ਬਲਕਿ ਬਹੁਤ ਮਸਲੇ ਹੈਨ ਹੀ ਇਨ੍ਹਾਂ ਕਰਕੇ। ਫੇਰ ਵੀ ਇਹੋ ਰੱਟ ਲਾਈ ਜਾ ਰਹੀ ਹੈ ਕਿ ਸਾਰੇ ਮੁਲਕ ਇਨ੍ਹਾਂ ਨੂੰ ਕਬੂਲ ਕਰਨ। ਪੰਜਾਬੀਆਂ ਨੂੰ ਇਨ੍ਹਾਂ ਹਾਲਾਤਾਂ ਵਾਰੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ। ਕਿਉਂਕਿ ਇਨ੍ਹਾਂ ਕਦਰਾਂ-ਕੀਮਤਾਂ, ਰਿਸ਼ਤਿਆਂ ਅਤੇ ਅਦਾਰਿਆਂ ਦੇ ਕਾਰਨ ਹੀ ਪੰਜਾਬ ਵਿਚ ਪਿਛਲੀ ਸਦੀ ਵਿਚ ਲਹੂ ਦੇ ਦਰਿਆ ਵਗਦੇ ਅਤੇ ਕਤਲਾਮ ਹੁੰਦੇ ਰਹੇ ਹਨ।

ਪੰਜਾਬੀ ਕੌਮ ਆਪਣੇ ਇਸ ਖ਼ਿੱਤੇ ਵਿਚ ਮੁੱਢ ਕਦੀਮ ਤੋਂ ਵਸਦੇ ਲੋਕਾਂ ਦੀ ਸ਼ਨਾਖ਼ਤ ਦਾ ਨਿਸ਼ਾਨ ਹੈ। ਇਹ ਉਹਨਾਂ ਦੇ ਹਜ਼ਾਰਾਂ ਵਰ੍ਹਿਆਂ ਦੇ ਸਫ਼ਰ ਦੀ ਹਕੀਕਤ ਹੈ। ਇਹ ਇਤਿਹਾਸ ਹੜੱਪਾ ਤੋਂ ਲੈ ਕੇ ਅੱਜ ਤੱਕ ਚਲਿਆ ਆ ਰਿਹਾ ਹੈ। ਪਰ ਪੰਜਾਬੀਆਂ ਤੇ ਇਹ ਦਬਾਅ ਹੈ ਕਿ ਉਹ ਆਪਣੀ ਕੌਮ ਤੋਂ ਮੁਨਕਰ ਹੋਕੇ ਰਹਿਣ। ਉਹ ਆਪਣੇ ਵਿਰਸੇ, ਸਭਿਆਚਾਰ, ਸੰਗੀਤ, ਸਹਿਤ ਅਤੇ ਇਤਿਹਾਸ ਦੀ ਗੱਲ ਨਾ ਕਰਨ ਬਲਕਿ ਆਪਣੀ ਸ਼ਨਾਖ਼ਤ ਅਤੇ ਹੋਂਦ ਤੇ ਮੁਨਕਰ ਰਹਿਣ ਅਤੇ ਆਪਣੇ ਕੌਮੀ ਅਤੇ ਸਮਾਜੀ ਹੱਕਾਂ ਦੀ ਗੱਲ ਨਾ ਕਰਨ। ਇਹ ਸਥਿਤੀ ਬੜੀ ਚਿੰਤਾਜਨਕ ਹੈ। ਪੰਜਾਬੀ ਕੌਮ ਬੇਸ਼ੱਕ ਜਨ-ਸੰਖਿਆ ਦੇ ਲਿਹਾਜ਼ ਨਾਲ ਸਾਉਥ ਏਸ਼ੀਆ ਅਤੇ ਸੰਸਾਰ ਦੀਆਂ ਵੱਡੀਆਂ ਕੌਮਾਂ ਵਿਚੋਂ ਇੱਕ ਹੈ ਪਰ ਇਹਦੀ ਹੋਂਦ ਤੱਕ ਨੂੰ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਫ਼ਲਸਫ਼ੇ, ਬੋਲੀ, ਸਭਿਆਚਾਰ, ਸੰਗੀਤ ਅਤੇ ਕਲਾ ਆਦਿ ਦੀ ਕੋਈ

ਕਦਰ ਨਹੀਂ। ਪੰਜਾਬ ਦੇ ਕੁਦਰਤੀ ਖ਼ਜ਼ਾਨਿਆਂ ਉੱਤੇ ਵੀ ਪੰਜਾਬੀਆਂ ਦਾ ਕੋਈ ਕੰਟਰੋਲ ਨਹੀਂ ਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇਨ੍ਹਾਂ ਦਾ ਵਿਕਾਸ ਅਤੇ ਵਰਤੋਂ ਕਰਨਾ ਪੰਜਾਬੀਆਂ ਦੇ ਹੱਥਾਂ ਵਿਚ ਨਹੀਂ। ਪੰਜਾਬ ਦਾ ਖਿੱਤਾ ਸਾਊਥ ਏਸ਼ੀਆ ਭਰ ਲਈ ਅਨਾਜ ਪੈਦਾ ਕਰਨ ਵਾਲੇ ਇਲਾਕੇ ਦੇ ਤੌਰ ਤੇ ਮਸ਼ਹੂਰ ਹੈ ਪਰ ਇਥੋਂ ਦੇ ਕਿਸਾਨਾਂ ਨੂੰ ਖ਼ੁਦਕਸ਼ੀਆਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਦਾ ਗੁਜ਼ਾਰਾ ਦਿਨੋਂ ਦਿਨ ਹੋਰ ਮੁਸ਼ਕਲ ਹੁੰਦਾ ਜਾ ਰਿਹਾ ਹੈ। ਪਿੰਡਾਂ ਦੇ ਪਿੰਡ ਕਰਜ਼ਿਆਂ ਦੀ ਜਕੜ ਵਿਚ ਹਨ। ਪੰਜਾਬ ਦੇ ਨੌਜੁਆਨਾਂ ਲਈ ਕੋਈ ਰੁਜ਼ਗਾਰ ਨਹੀਂ ਤੇ ਉਹ ਨੌਕਰੀਆਂ ਦੀ ਭਾਲ ਵਿਚ ਦੇਸਾਂ ਵਿਦੇਸ਼ਾਂ ਵਿਚ ਭਟਕਣ ਲਈ ਮਜਬੂਰ ਹੋ ਰਹੇ ਹਨ। ਇਸ ਦਸ਼ਾ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਦੇ ਲੋਕਾਂ ਦੇ ਹੱਥ-ਵੱਸ ਕੁਝ ਨਹੀਂ। ਬਟਵਾਰੇ ਦੇ ਵੇਲੇ ਤੋਂ ਲੈ ਕੇ ਬਣੀਆਂ ਸਾਰੀਆਂ ਪੰਜਾਬ ਦੀਆਂ ਸਰਕਾਰਾਂ ਦਿਲੀ ਅਤੇ ਇਸਾਲਾਮਾਬਾਦ ਦੀਆਂ ਹੱਥ-ਠੋਕਾ ਰਹੀਆਂ ਹਨ ਤੇ ਉਨ੍ਹਾਂ ਦੇ ਹਿਤਾਂ ਨੂੰ ਹੀ ਮੂਹਰੇ ਰੱਖ ਕੇ ਰਾਜ ਕਰਦੀਆਂ ਆਈਆਂ ਹਨ। ਪੰਜਾਬੀ ਲੋਕਾਂ ਦੀ ਭਲਾਈ ਦਾ ਖਿਆਲ ਇਨ੍ਹਾਂ ਦੇ ਦਿਮਾਗ ਵਿਚ ਆਇਆ ਹੀ ਕਦੇ ਨਹੀਂ। ਪੰਜਾਬੀਆਂ ਨੂੰ ਇਸ ਦਸ਼ਾ ਬਾਰੇ ਸੋਚ ਵਿਚਾਰ ਕਰਨ ਦੀ ਲੋੜ ਹੈ ਤਾਂ ਕਿ ਇਸ ਨੂੰ ਬਦਲਣ ਲਈ ਰਾਹ ਲੱਭਿਆ ਜਾ ਸਕੇ। ਜਿਥੇ ਕਿਤੇ ਵੀ ਪੰਜਾਬੀ ਵਸਦੇ ਹਨ ਸਾਰੇ ਥਾਵੀਂ ਇਸ ਮਸਲੇ ਤੇ ਗੌਰ ਕਰਨਾ ਚਾਹੀਦਾ ਹੈ ਅਤੇ ਸਟੈਂਡ ਲੈਣਾ ਚਾਹੀਦਾ ਹੈ ਕਿ ਅਸੀਂ ਕੌਮੀ ਖ਼ੁਦਕਸ਼ੀ ਦੀ ਪਾਲਸੀ ਨੂੰ ਸਵੀਕਾਰ ਨਹੀਂ ਕਰਨਾ।

ਪੰਜਾਬ ਸਦੀਆਂ ਤੋਂ ਹੀ ਦੱਖਣੀ ਏਸ਼ੀਆ ਦੀ ਕਿਸਮਤ ਦਾ ਫੈਸਲਾ ਕਰਦਾ ਆ ਰਿਹਾ ਹੈ। ਅਨੇਕਾਂ ਵਾਰ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਕੁਰੂਕਸ਼ੇਤਰ ਅਤੇ ਪਾਣੀਪਤ ਵਿਚ ਹੋਇਆ ਹੈ। ਅੱਜ ਵੀ ਪੰਜਾਬ ਦੱਖਣੀ ਏਸ਼ੀਆ ਵਿਚ ਇੱਕ ਫੈਸਲਾਕੁੰਨ ਦਹਿਲੀਜ਼ ਤੇ ਖੜ੍ਹਾ ਹੈ। ਪੰਜਾਬੀ ਕੌਮ ਦੀ ਜਾਗਰਤਾ ਅਤੇ ਏਕਤਾ ਦੱਖਣੀ ਏਸ਼ੀਆ ਦੇ ਹੋਰਨਾਂ ਲੋਕਾਂ ਲਈ ਭੀ ਫੈਸਲਾਕੁੰਨ ਹੈ। ਪੰਜਾਬੀਆਂ ਦਾ ਕਤਲਾਮ ਅਤੇ ਅੰਨ੍ਹਾਂ ਤਸ਼ੱਦਦ ਉਨ੍ਹਾਂ ਦੀ ਇਜ਼ੱਤ ਦੀ ਜ਼ਿੰਦਗੀ ਲਈ ਤਾਂਘ ਨੂੰ ਖ਼ਤਮ ਨਹੀਂ ਕਰ ਸਕੇ ਹਨ। ਆਪਣੀ ਹੋਂਦ, ਪ੍ਰਫੁਲੱਤਾ ਅਤੇ ਇਜ਼ੱਤ ਲਈ ਪੰਜਾਬੀ ਕੌਮ ਦਾ ਸੰਘਰਸ਼, ਦੱਖਣੀ ਏਸ਼ੀਆ ਦੇ ਦੂਸਰੇ ਲੋਕਾਂ ਦੀ ਕੌਮੀ ਉਸਾਰੀ ਵਿਚ ਵੀ ਬਹੁਤ ਹੀ ਮਦਦਗਾਰ ਹੋਵੇਗਾ। ਇਸਦੇ ਨਾਲ ਹੀ ਪੰਜਾਬੀਆਂ ਨੂੰ ਆਪਣੇ ਇਸ ਟੀਚੇ ਵਿਚ ਦੱਖਣੀ ਏਸ਼ੀਆ ਅਤੇ ਹੋਰਨਾਂ ਸਾਰੀਆਂ ਹੀ ਕੌਮਾਂ ਦੀ ਹਮਦਰਦੀ ਹਾਸਲ ਹੈ ਜੋ ਆਪੋ ਆਪਣੀ ਕੌਮੀ ਉਸਾਰੀ ਲਈ ਫਿਕਰਮੰਦ ਹਨ। ਅੱਜ ਦੀ ਇਕ ਵੱਡੀ ਸੱਚਾਈ ਇਹ ਹੈ ਕਿ ਕੋਈ ਕੌਮ ਜਾਂ ਮੁਲਕ ਇਕ ਨਵੀਂ ਉਸਾਰੀ ਬਗੈਰ, ਨਵੇਂ ਰਿਸ਼ਤੇ ਕਾਇਮ ਕੀਤੇ ਬਗੈਰ, ਨਵੇਂ ਰਾਹ ਨਹੀਂ ਖੋਲ੍ਹ ਸਕਦੇ। ਇਸ ਸਮੇਂ ਦੇ ਸਾਰੇ ਸੰਘਰਸ਼, ਉਹ ਭਾਂਵੇ ਕੌਮੀ, ਸਿਆਸੀ, ਸਭਿਆਚਾਰਕ, ਆਰਥਕ ਜਾਂ ਸਮਾਜੀ ਹਨ, ਇਸ ਸਚਾਈ ਵਲ ਹੀ ਇਸ਼ਾਰਾ ਕਰ ਰਹੇ ਹਨ।

ਨੱਬੇ ਸਾਲ ਪਹਿਲਾਂ ਇੱਥੇ ਉੱਤਰੀ ਅਮਰੀਕਾ ਵਿਚ ਗ਼ਦਰ ਪਾਰਟੀ ਨੇ ਆਵਾਜ਼ ਬੁਲੰਦ ਕੀਤੀ ਸੀ ਕਿ ਹਿੰਦੁਸਤਾਨ ਨੂੰ ਬਸਤੀਵਾਦ ਦੇ ਜੂਲੇ ਹੇਠੋਂ ਕੱਢਣ ਅਤੇ ਸਾਊਥ ਏਸ਼ੀਆ ਦੀਆਂ ਸਾਰੀਆਂ ਕੌਮਾਂ ਅਤੇ ਕੌਮੀਅਤਾਂ ਦੇ ਸਵੈਨਿਰਣੇ ਦਾ ਹੱਕ ਲੈਣ ਲਈ ਸਾਰੇ ਹਿੰਦੁਸਤਾਨੀਆਂ ਨੂੰ ਸੰਘਰਸ਼ ਕਰਨਾ ਚਾਹੀਦਾ ਹੈ ਅਤੇ ਸੰਸਾਰ ਦੇ ਸਾਰੇ ਲੋਕਾਂ ਦੀ ਇਨਸਾਫ਼ ਲਈ ਜਦੋਜਹਿਦ ਵਿਚ ਵੀ ਹਿੱਸਾ ਪਾਉਣਾ ਚਾਹੀਦਾ ਹੈ। ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਲਈ ਸਾਡੇ ਲੋਕਾਂ ਨੇ ਅਣਗਿਣਤ ਕੁਰਬਾਨੀਆਂ ਕੀਤੀਆਂ। ਸਾਡੇ ਗ਼ਦਰੀ ਬਾਬਿਆਂ ਅਤੇ ਭਗਤ ਸਿੰਘ ਵਰਗੇ ਸ਼ਹੀਦਾਂ ਦੇ ਉਦੇਸ਼ ਹਾਲੇ ਪੂਰੇ ਨਹੀਂ ਹੋਏ। ਇਤਿਹਾਸ ਸਾਰੇ ਪੰਜਾਬੀਆਂ ਤੋਂ ਮੰਗ ਕਰ ਰਿਹਾ ਹੈ ਕਿ ਉੱਠੋ ਅਤੇ ਉਨ੍ਹਾਂ ਸਾਰਿਆਂ ਦੇ ਮੋਢੇ ਨਾਲ ਮੋਢਾ ਜੋੜਕੇ ਤੁਰੋ ਜਿਹੜੇ ਕੌਮ ਉਸਾਰਨ ਦੇ ਨਿਸ਼ਾਨੇ ਨੂੰ ਅੱਗੇ ਰੱਖਕੇ ਤੁਰ ਰਹੇ ਹਨ। ਸਮਾਂ ਸਾਰੇ ਪੰਜਾਬੀਆਂ ਨੂੰ ਪੁਕਾਰ ਰਿਹਾ ਹੈ ਕਿ ਇਕ ਵਾਰ ਫਿਰ ਦੁਲੇ ਭੱਟੀ ਵਾਂਗ ਆਵਾਜ਼ ਬੁਲੰਦ ਕਰੋ ਕਿ `ਜਿੰਦ ਦੇਸਾਂ ਪੰਜਾਬ ਨਾ ਦੇਸਾਂ`।

ਇਸ ਅਹਿਮ ਮੁੱਦੇ ਤੇ ਗੱਲ ਬਾਤ ਕਰਨ ਲਈ ਅਸੀਂ ਵਿਦਵਾਨਾਂ, ਦਾਨਿਸ਼ਵਰਾਂ, ਲੇਖਕਾਂ, ਕਵੀਆਂ, ਸਿਆਸੀ ਲੀਡਰਾਂ ਅਤੇ ਪੰਜਾਬੀ ਕੌਮ ਬਾਰੇ ਫਿਕਰਮੰਦ ਲੋਕਾਂ ਨੂੰ ਸੱਦਾ ਦਿੱਤਾ ਹੈ। ਸਾਨੂੰ ਬਹੁਤ ਖ਼ੁਸ਼ੀ ਹੈ ਕਿ ਤੁਸੀਂ ਸਾਰਿਆਂ ਇਥੇ ਪਹੁੰਚ ਕੇ ਪੰਜਾਬੀ ਕੌਮ ਅਤੇ ਕੌਮੀ ਉਸਾਰੀ ਦੀ ਚੁਨੌਤੀ ਉਤੇ ਵਿਚਾਰ ਵਟਾਂਦਰਾ ਕਰਨ ਦਾ ਉਪਰਾਲਾ ਕੀਤਾ ਹੈ। ਸਾਨੂੰ ਪੂਰਾ ਯਕੀਨ ਹੈ ਕਿ ਇਸ ਵਿਚਾਰ ਵਟਾਂਦਰੇ ਤੋਂ ਕੁਝ ਸਿੱਟੇ ਜ਼ਰੂਰ ਨਿਕਲਣਗੇ ਜੋ ਇਸ ਸੁਆਲ ਤੇ ਸਾਡਾ ਰਾਹ ਰੌਸ਼ਨ ਕਰਨਗੇ ਅਤੇ ਇਸ ਮਸਲੇ ਨੂੰ ਹੱਲ ਕਰਨ ਲਈ ਕੋਈ ਯੋਜਨਾ ਬਨਾਉਣ ਵਿਚ ਸਾਡੀ ਮਦਦ ਕਰਨਗੇ।

ਮੈਂ ਇਕ ਬਾਰ ਫਿਰ ਤੁਹਾਨੂੰ ਸੱਭ ਨੂੰ ਇਸ ਮੁਬਾਰਕ ਮੌਕੇ ਤੇ ਤਹਿਦਿਲੋਂ ਜੀ ਆਇਆਂ ਨੂੰ ਆਖਦਾ ਹਾਂ ਅਤੇ ਪੰਜਾਬੀ ਕੌਮ ਦੀ ਪ੍ਰਫੁਲੱਤਾ ਦੀ ਅਰਦਾਸ ਕਰਦਾ ਹਾਂ।